ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 4 | Issue 2| Apr.-June 2026

ISSN: 2583-9446 (O)
Paper Id: ARMN040207
Available online at: www.armaan.org.in
DOI: https://doi.org/10.64119/armaan.vol.4.issue2.07

# ਆਚਾਰੀਆ ਦੰਡੀ ਕ੍ਰਿਤ ਕਾਵਿਯਾਦਰਸ਼ ਦਾ ਸੰਰਚਨਾਤਮਕ ਅਧਿਐਨ

# Acharya Dandi krit Kavyadarsh da sanrachnatmak adhyayan

**ਡਾ. ਲਖਵਿੰਦਰ ਸਿੰਘ (Dr. Lakhwinder Singh)**
ਸਹਾਇਕ ਪ੍ਰੋਫੈਸਰ, ਪੰਜਾਬੀ (Assistant Professor in Punjabi)
ਪੰਜਾਬ ਯੂਨੀਵਰਸਿਟੀ ਕੌਂਸਟੀਚੂਐਂਟ ਕਾਲਜ, ਨਿਹਾਲ ਸਿੰਘ ਵਾਲਾ, ਮੋਗਾ (ਪੰਜਾਬ)-142057
Email ID: slakhwindersingh1987@gmail.com

**ਸਾਰ (Abstract)**

*ਹਥਲੇ ਖੋਜ ਪੱਤਰ ਵਿਚ 6ਵੀਂ -7ਵੀਂ ਈਸਵੀ ਸਦੀ ਦੀ ਕਾਵਿ ਸਿਧਾਂਤਾਂ ਪ੍ਰਤਿਪਾਦਨ ਕਰਦੀ ਆਚਾਰੀਆ ਦੰਡੀ ਦੀ ਪ੍ਰਸਿੱਧ ਰਚਨਾ 'ਕਾਵਿਯਾਦਰਸ਼' ਦਾ ਸੰਰਚਨਾਤਮਕ ਪੱਧਰ ਦੇ ਸੰਖਿਪਤ ਰੂਪ ਵਿਚ ਵਿਸ਼ਲੇਸ਼ਣ ਕੀਤਾ ਗਿਆ ਹੈ। ਇਹਿ ਸਿਧਾਂਤਕ ਗ੍ਰੰਥ ਨੂੰ ਤਿੰਨ ਭਾਗਾਂ ਜਾਂ ਪਰਿਛੇਦਾਂ ਵਿਚ ਤਕਸੀਮ ਕੀਤਾ ਗਿਆ ਹੈ। ਇਸਦੇ ਪ੍ਰਥਮ ਪਰਿਛੇਦ ਵਿਚ ਕੁੱਲ 105 ਕਾਰਿਕਾਵਾਂ ਵਿਚ ਗ੍ਰੰਥ ਦੀ ਪ੍ਰਸਤਾਵਨਾ, ਕਾਵਿ ਦਾ ਲੱਛਣ, ਕਾਵਿ ਦੇ ਭੇਦ, ਵੈਦਰਭੀ ਤੇ ਗੌੜੀਆ ਮਾਰਗ, ਦਸ ਕਾਵਿ ਗੁਣ ਅਤੇ ਕਾਵਿ ਦੇ ਹੇਤੂਆਂ ਦਾ ਨਿਰੂਪਣ ਕੀਤਾ ਗਿਆ ਹੈ। ਦੂਸਰੇ ਪਰਿਛੇਦ ਵਿਚ ਕੁੱਲ 368 ਕਾਰਿਕਾਵਾਂ ਸੰਕਲਿਤ ਹਨ ਇਥੇ ਆਚਾਰੀਆ ਨੇ ਅਲੰਕਾਰ ਦਾ ਲੱਛਣ, ਅਲੰਕਾਰ ਦੀਆਂ ਕਿਸਮਾਂ ਆਦਿ ਦਾ ਵਿਸਤ੍ਰਿਤ ਰੂਪ ਵਿਚ ਗਹਿਨ ਅਧਿਐਨ ਵਿਸ਼ਲੇਸ਼ਣ ਪ੍ਰਸਤੁਤ ਕੀਤਾ ਹੈ। ਗ੍ਰੰਥ ਦੇ ਤੀਸਰੇ ਭਾਗ ਵਿਚ ਕੁੱਲ 187 ਕਾਰਿਕਾਵਾਂ ਵਿਚ ਸਿਧਾਂਥਕ ਵਿਸ਼ਲੇਸ਼ਣ ਪ੍ਰਸਤੁਤ ਕਰਦਿਆਂ ਦੰਡੀ ਨੇ ਯਮਕ ਤੇ ਚਿੱਤਰ ਅਲੰਕਾਰਾਂ ਦੇ ਨਾਲ ਨਾਲ ਦਸ ਕਾਵਿ ਦੋਸ਼ਾ ਦਾ ਵੀ ਵੇਰਵਾ ਪ੍ਰਸਤੁਤ ਕੀਤਾ ਹੈ। ਇਸ ਪ੍ਰਕਾਰ ਕੁੱਲ ਮਿਲਾਕੇ ਇਹ ਗ੍ਰੰਥ ਵਿਚ 660 ਸ਼ਲੋਕਾਂ ਦੁਆਰਾ ਕਾਵਿ ਸ਼ਾਸਤਰੀ ਸਿਧਾਤਾਂ ਨੂੰ ਪ੍ਰਤੀਪਾਦਿਤ ਕਰਨ ਦਾ ਯਤਨ ਕੀਤਾ ਗਿਆ ਮਿਲਦਾ ਹੈ।*

**ਕੀਵਰਡ (Keyword):** *ਕਾਰਿਕਾ, ਕਾਵਿ ਸ਼ਾਸਤਰ, ਅਲੰਕਾਰ, ਪੰਚਨਦ, ਪਰਿਛੇਦ, ਕਾਵਿਯਾਦਰਸ਼, ਅਗਨੀ ਪੁਰਾਣ।*

ਭਾਰਤੀ ਕਾਵਿ ਸ਼ਾਸਤਰ ਦੇ ਖੇਤਰ ਵਿਚ ਆਚਾਰੀਆ ਦੰਡੀ ਦੇ ਕਾਵਿ ਸਿਧਾਂਤਕ ਗ੍ਰੰਥ 'ਕਾਵਿਯਾਦਰਸ਼' ਦਾ ਅਹਿਮ ਸਥਾਨ ਹੈ। ਦੰਡੀ ਅਲੰਕਾਰ ਸਿਧਾਂਤ ਦੇ ਪ੍ਰਮੁਖ ਆਚਾਰੀਆਂ ਵਿਚ ਸ਼ੁਮਾਰ ਹਨ ਤੇ ਉਹ ਆਪਣੇ ਖੇਤਰ ਵਿਚ ਕਿਸੇ ਰਸਮੀ ਜਾਣ ਪਛਾਣ ਦੇ ਮੁਥਾਜ ਨਹੀਂ ਹਨ। ਵੈਸੇ ਅਲੰਕਾਰ ਦਾ ਯੁੱਗ ਉਨ੍ਹਾਂ ਤੋਂ ਪੂਰਵਲੇ ਆਚਾਰੀਆ ਭਾਮਹ, ਉਦਭਟ ,ਰੁਦਰਟ ਤੇ ਵਾਮਨ ਦੀਆਂ ਸਿਧਾਤਕ ਕ੍ਰਿਤਾਂ ਦੁਆਰਾ ਆਪਣੀ ਚਰਮ ਸੀਮਾ ਪ੍ਰਾਪਤ ਕਰ ਚੁੱਕਿਆ ਸੀ।

ਆਧੁਨਿਕ ਸਮੇਂ ਵਿਚ ਪ੍ਰਾਪਤ 'ਕਾਵਿਯਾਦਰਸ਼' ਵਿਚ ਮਿਲਦੇ ਇੱਕ ਉਲੇਖ ਦੇ ਅਧਾਰ ਤੇ ਇਹ ਤਸਲੀਮ ਕੀਤਾ ਜਾ ਸਕਦਾ ਹੈ ਕਿ ਇਹ ਇੱਕ ਅਧੂਰੀ ਕ੍ਰਿਤ ਹੈ। *ਡਾ. ਜਮਨਾ ਦਾਸ ਪਾਠਕ ਦੇ ਅਨੁਸਾਰ ਇਸਦਾ ਇੱਕ ਹੋਰ ਪਰਿਛੇਦ ਰਿਹਾ ਹੋਵੇਗਾ ਜਿਸਦਾ ਨਾਂ 'ਕਲਾਪਰਿਛੇਦ' ਸੀ। 'ਮਾਲਤੀਮਾਧਵ' ਦੇ ਟੀਕਾਕਾਰ ਯਸ਼ੋਂਧਰ ਨੇ ਦੰਡੀ ਦੀਆਂ ਛੇ ਉਦਾਹਰਨਾਂ ਪੇਸ਼ ਕੀਤੀਆਂ ਹਨ ਜਿੰਨ੍ਹਾਂ ਵਿਚੋਂ ਤਿੰਨ 'ਕਾਵਿਯਾਦਰਸ਼' ਵਿਚ ਮਿਲਦੀਆਂ ਹਨ। ਇਸ ਪ੍ਰਕਾਰ ਆਚਾਰੀਆ ਵਾਤਸਾਯਨ ਦੇ 'ਕਾਮਸੂਤਰ' ਵਿਚ ਵੀ 'ਕਾਵਿਯਾਦਰਸ਼' ਦਾ ਹਵਾਲਾ ਦੇ ਕੇ ਦੋ ਸੂਤਰ ਪੇਸ਼ ਕੀਤੇ ਗਏ ਹਨ ਜੋ ਆਧੁਨਿਕ ਸਮੇਂ 'ਕਾਵਿਯਾਦਰਸ਼' ਵਿਚ ਨਹੀਂ ਮਿਲਦੇ। ਸੋ ਇਨ੍ਹਾਂ ਸ਼ਹਾਦਤਾਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਕਾਵਿਯਾਦਰਸ਼ ਵਿਚ 'ਕਲਾਪਰਿਛੇਦ' ਨਾਮਕ ਭਾਗ ਕਿਸੇ ਨਾ ਕਿਸੇ ਰੂਪ ਵਿਚ ਵਿਦਮਾਨ ਸੀ।*[1]

ਮੌਜੂਦਾ ਇਹ ਗ੍ਰੰਥ (ਕਾਵਿਯਾਦਰਸ਼) ਮੂਲ ਰੂਪ ਵਿਚ ਤਿੰਨ ਪਰਿਛੇਦਾਂ ਵਿਚ ਵੰਡਿਆ ਹੋਇਆ ਹੈ। ਇਸਦੇ ਪ੍ਰਥਮ ਪਰਿਛੇਦ ਵਿਚ 105, ਦੂਸਰੇ ਵਿਚ 368 ਅਤੇ ਤੀਸਰੇ ਪਰਿਛੇਦ ਵਿਚ 187 ਕਾਰਿਕਾਵਾਂ ਮਿਲਦੀਆਂ ਹਨ। ਕੁੱਲ ਮਿਲਾਕੇ ਸਾਰੇ ਗ੍ਰੰਥ ਵਿਚ 660 ਸ਼ਲੋਕ ਹਨ। ਪ੍ਰਥਮ ਭਾਗ ਵਿਚ ਗ੍ਰੰਥ ਦੀ ਪ੍ਰਸਤਾਵਨਾ, ਕਾਵਿ ਲੱਛਣ, ਕਾਵਿ ਦੇ ਭੇਦ, ਵੈਦਰਭੀ ਅਤੇ ਗੌੜੀਆ ਮਾਰਗ, ਦਸ ਗੁਣ ਤੇ ਕਾਵਿ ਦੇ ਹੇਤੂਆਂ ਦਾ ਨਿਰੂਪਣ ਕੀਤਾ ਗਿਆ ਹੈ। ਦੂਸਰੇ ਭਾਗ ਵਿਚ ਅਲੰਕਾਰ ਦਾ ਲੱਛਣ, ਅਲੰਕਾਰ ਦੀਆਂ ਕਿਸਮਾਂ, ਸੁਭਾਵੋਕਤੀ, ਉਪਮਾ, ਰੂਪਕ, ਦੀਪਕ, ਅਰਥਾਂਤਰ ਨਿਆਸ, ਵਯਤਿਰੇਕ, ਵਿਭਾਵਨਾ, ਸਮਾਸੋਕਤੀ, ਅਤਿਸ਼ੋਕਤੀ, ਉਤਪ੍ਰੇਖਿਆ, ਯਥਾ ਸੰਖਿਆ, ਪਰਿਆਯੋਕਤੀ, ਅਪਹੁੱਨਤੀ, ਸ਼ਲੇਸ਼, ਵਿਸ਼ੇਸ਼ੋਕਤੀ, ਤੁਲਿਆਯੋਗਤਾ, ਅਪ੍ਰਸੁਤਤ ਪ੍ਰਸ਼ੰਸਾ, ਵਿਆਜ ਸਤੁਤੀ, ਨਿਦਰਸ਼ਨਾ, ਸਹੋਕਤੀ, ਸੰਸ੍ਰਿਸ਼ਟੀ ਆਦਿ ਅਲੰਕਾਰਾਂ ਦਾ ਵਰਨਣ ਕੀਤਾ ਗਿਆ ਹੈ। ਤੀਸਰੇ ਪਰਿਛੇਦ ਜਾਂ ਭਾਗ ਵਿਚ ਯਮਕ ਤੇ ਚਿਤਰ ਅਲੰਕਾਰਾਂ ਦਾ ਵਿਵੇਚਨ ਕਰਕੇ ਦਸ ਕਾਵਿ ਦੋਸ਼ਾਂ ਨੂੰ ਵੀ ਪ੍ਰਸਤੁਤ ਕੀਤਾ ਗਿਆ ਹੈ।

ਡਾ. ਪ੍ਰੇਮ ਪ੍ਰਕਾਸ਼ ਸਿੰਘ ਅਨੁਸਾਰ, *'ਕਾਵਿਯਾਦਰਸ਼' ਵਿਚ ਮੰਗਲਾਚਰਨ ਕਰਨ ਤੋਂ ਮਗਰੋਂ ਆਪਣੇ ਸ਼ਾਸਤਰ ਦਾ ਆਰੰਭ ਕੀਤਾ ਹੈ। ਇਥੇ ਦੰਡੀ ਦੇ ਸਨਮੁਖ ਆਪਣੇ ਤੋਂ ਪੂਰਵਵਰਤੀ ਆਚਾਰੀਆਂ ਦੇ ਕਈ ਸਿਧਾਂਤਕ ਗ੍ਰੰਥ ਮੌਜੂਦ ਸਨ, ਉਸਨੇ ਆਪਣੇ ਗ੍ਰੰਥ ਦੀ ਰਚਨਾ ਤੋਂ ਪੂਰਵ ਇਨ੍ਹਾਂ ਸਾਰੇ ਸਿਧਾਂਤਕ ਸ਼ਾਸਤਰਾਂ ਦਾ ਗਹਿਨ ਤੇ ਵਸੀਹ ਅਧਿਐਨ ਵਿਸ਼ਲੇਸ਼ਣ ਕੀਤਾ।* [2] ਇਸਤੋਂ ਮਗਰੋਂ ਉਸਨੇ ਇਨ੍ਹਾਂ ਵਿਚਲੇ ਕਾਵਿ ਸ਼ਾਸਤਰੀ ਨਿਯਮਾਂ ਦੀ ਸਮਾਲੋਚਨਾ ਕਰਕੇ ਆਪਣੇ ਸਿਧਾਂਤਕ ਗ੍ਰੰਥ ਦੀ

ਰਚਨਾ ਕੀਤੀ। ਇਸ ਬਾਰੇ ਉਸਦਾ ਵਿਚਾਰ 'ਕਾਵਿਯਾਦਰਸ਼' ਦੀ ਕਾਰਿਕਾ 1.2 ਵਿਚ ਸਪੱਸ਼ਟ ਰੂਪ ਵਿਚ ਦੇਖਿਆ ਜਾ ਸਕਦਾ ਹੈ:

*ਪੂਰਵ ਸ਼ਾਸਤ੍ਰਾਣਿ ਸੰਹ੍ਰਤਿਆ ਪ੍ਰਯੋਗਾ ਅਨੁਪਲਕਸ਼ਯ ਚ।*
*ਯਥਾ ਸਾਮਰਥ ਅਮਸਯਾਭਿ: ਕ੍ਰਿਯਤੇ ਕਾਵਯ ਲਕਸ਼ਣਮ੍।।*

ਦੰਡੀ ਦੁਆਰਾ ਨਿਰੂਪਿਤ ਕੀਤੇ ਕਾਵਿ ਸ਼ਾਸਤਰੀ ਸਿਧਾਂਤਾਂ ਦੇ ਪ੍ਰਤੀਪਾਦਨ ਦਾ ਲੇਖਾ-ਜੋਖਾ 'ਕਾਵਿਯਾਦਰਸ਼' ਵਿਚਲੇ ਪਰਿਛੇਦਾਂ ਦੇ ਆਧਾਰ ਤੇ ਨਿਮਨਲਿਖਤ ਅਨੁਸਾਰ ਸੰਖਿਪਤ ਰੂਪ ਵਚ ਕੀਤਾ ਗਿਆ ਹੈ।

ਪ੍ਰਥਮ ਪਰਿਛੇਦ

(ੳ) ਬੋਲੀ ਜਾਂ ਵਾਣੀ ਦਾ ਮਹੱਤਵ

ਲੋਕ ਵਿਹਾਰ ਵਾਸਤੇ ਬੋਲੀ ਦਾ ਬਹੁਤ ਜ਼ਿਆਦਾ ਮਹੱਤਵ ਹੈ ਕਿਉਂਕਿ ਹਰੇਕ ਵਿਅਕਤੀ ਆਪਣੇ ਵਿਚਾਰਾਂ ਦਾ ਆਦਾਨ ਪ੍ਰਦਾਨ ਬੋਲੀ ਜਾਂ ਵਾਣੀ ਦੇ ਮਾਧਿਅਮ ਦੁਆਰਾ ਹੀ ਕਰਦਾ ਹੈ। ਇਸ ਸੰਦਰਭ ਵਿੱਚ ਰਾਮ ਨਰਾਇਣ ਭੱਟਾਚਾਰੀਆ ਦਾ ਵਿਚਾਰ ਗੌਲਣਯੋਗ ਹੈ ਕਿ, *ਦੰਡੀ ਦਾ ਵਿਚਾਰ ਹੈ ਕਿ ਬੋਲੀ ਜਾਂ ਵਾਣੀ ਦੋ ਕਿਸਮਾਂ; ਅਨੁਸ਼ਾਸਿਤ ਤੇ ਅਣ- ਅਨੁਸ਼ਾਸਿਤ, ਦੀ ਹੁੰਦੀ ਹੈ। ਅਨੁਸ਼ਾਸਿਤ ਬੋਲੀ ਉਸਨੂੰ ਕਹਿੰਦੇ ਹਨ ਜੋ ਵਿਆਕਰਨਿਕ ਨਿਯਮਾਂ ਤੇ ਭਾਸ਼ਾ ਦੀਆ ਮੂਲ ਕਸੌਟੀਆਂ ਉਤੇ ਖਰੀ ਉਤਰਦੀ ਹੋਵੇ ਅਤੇ ਇਨ੍ਹਾਂ ਨਿਯਮਾਂ ਤੋਂ ਵੱਖਰੀ ਬੋਲੀ ਨੂੰ ਉਹ ਅਣ-ਅਨੁਸ਼ਾਸਿਤ ਬੋਲੀ ਕਹਿੰਦਾ ਹੈ।*[3]

(ਅ) ਕਾਵਿ ਦੀ ਉਪਯੋਗਤਾ

ਆਪਣੇ ਯਸ਼ ਨੂੰ ਚਿਰੰਜੀਵੀ ਤੇ ਲੰਮੇਰਾ ਬਣਾਉਣ ਵਾਸਤੇ ਕਾਵਿ ਬਹੁਤ ਉਪਯੋਗੀ ਤਤਵ ਹੈ। ਸਿਧਾਂਤਕਾਰਾਂ ਨੇ ਕਾਵਿ ਨੂੰ ਇੱਕ ਸ਼ੀਸੇ ਜਾਂ ਦਰਪਣ ਤੋਂ ਵੀ ਉੱਤਮ ਮੰਨਿਆ ਹੈ। ਦੰਡੀ ਅਨੁਸਾਰ ਲੌਕਿਕ ਜਾਂ ਦੁਨਿਆਵੀ ਸ਼ੀਸ਼ੇ ਵਿਚ ਕਿਸੇ ਮਨੁੱਖ ਦਾ ਪ੍ਰਤੀਬਿੰਬ ਓਨਾ ਚਿਰ ਹੀ ਬਣਿਆ ਰਹਿੰਦਾ ਹੈ ਜਿੰਨਾਂ ਚਿਰ ਉਹ ਸ਼ੀਸ਼ੇ ਦੇ ਸਨਮੁੱਖ ਹੁੰਦਾ ਹੈ ਪਰ ਇਸਦੇ ਉਲਟ ਕਾਵਿ ਦਰਪਣ ਵਿਚ ਕਿਸੇ ਮਨੁੱਖ ਦਾ ਚਿਤਰ ਸਦੀਵੀ ਤੇ ਚਿਰੰਜੀਵੀ ਹੋ ਜਾਂਦਾ ਹੈ।

(ੲ) ਕਾਵਿ ਦਾ ਸਰੂਪ

ਲਖਵਿੰਦਰ ਸਿੰਘ (2022:171) ਅਨੁਸਾਰ, *'ਕਾਵਿਯਾਦਰਸ਼' ਵਿਚ ਆਚਾਰੀਆ ਦੰਡੀ ਨੇ ਕਾਵਿ ਦੇ ਸਰੂਪ ਨੂੰ ਉਲੀਕਦਿਆਂ ਕਾਵਿ ਦੇ ਸ਼ਰੀਰ ਨਾਲ ਜਾਣ ਪਛਾਣ ਕਰਵਾਈ ਹੈ। ਜਿਸ ਪ੍ਰਕਾਰ ਕਿਸੇ ਵਸਤੂ ਜਾਂ ਵਿਅਕਤੀ ਦਾ ਪਰਿਚਯ ਉਸਦੇ ਸ਼ਰੀਰ ਤੋਂ ਹੁੰਦਾ ਹੈ ਠੀਕ ਉਸ ਪ੍ਰਕਾਰ ਹੀ ਕਾਵਿ ਨਾਲ ਜਾਣ-ਪਛਾਣ ਉਸਦੇ ਸ਼ਰੀਰ ਤੋਂ ਕੀਤੀ ਜਾ ਸਕਦੀ ਹੈ।* [4] ਜਿਵੇਂ ਸ਼ਰੀਰ ਦੇ ਅੰਦਰ ਆਤਮਾ ਅੰਤਰ-ਨਿਹਿਤ ਹੁੰਦੀ ਹੈ ਪਰ ਉਸ ਆਤਮਾ ਦੁਆਰਾ ਕਿਸੇ ਦੇ ਸਰੂਪ ਦਾ ਨਿਰੂਪਣ ਨਹੀਂ ਕੀਤਾ ਜਾ ਸਕਦਾ ਇਸ ਲਈ ਕਾਵਿ ਨਾਲ ਜਾਣ ਪਛਾਣ ਕਰਾਉਂਦਿਆ ਆਚਾਰੀਆ ਦੰਡੀ ਨੇ ਕਾਵਿ ਦੇ ਸ਼ਰੀਰ ਦਾ ਨਿਰੂਪਣ ਪੇਸ਼ ਕੀਤਾ ਹੈ।

ਇਥੇ ਦੰਡੀ ਕਾਵਿ ਦੇ ਸ਼ਰੀਰ ਨੂੰ ਤਾਂ ਪ੍ਰਸਤੁਤ ਕਰਦਾ ਹੈ ਪਰ ਉਸਨੇ ਆਪਣੇ ਗ੍ਰੰਥ ਵਿਚ ਕਾਵਿ ਦੀ ਆਤਮਾ ਦੇ ਵਿਸ਼ੇ ਬਾਰੇ ਕੋਈ ਵਿਚਾਰ ਨਹੀਂ ਕੀਤਾ। 'ਅਗਨੀ ਪੁਰਾਣ' ਵਿਚ ਆਚਾਰੀਆ ਦੰਡੀ ਦੇ ਮਤ ਦਾ ਅਨੁਸਰਣ ਕਰਦਿਆਂ ਕਰਤਾ ਨੇ ਕਾਵਿ ਦੇ ਲੱਛਣ ਨੂੰ ਬਿਆਨ ਕੀਤਾ ਹੈ। ਇਹ ਹੀ ਨਹੀਂ ਬਲਕਿ ਆਚਾਰੀਆ ਜਗਨਨਾਥ ਨੇ ਵੀ ਕਾਵਿ ਲੱਛਣ ਬਾਰੇ ਆਪਣੇ ਮਤ ਦੀ ਪੁਸ਼ਟੀ ਆਚਾਰੀਆ ਦੰਡੀ ਦੇ ਅਨੁਸਾਰ ਕੀਤੀ ਹੈ।

(ਸ) ਕਾਵਿ ਦੇ ਭੇਦ

ਆਚਾਰੀਆ ਦੰਡੀ ਨੇ ਕਾਵਿ ਦੇ ਭੇਦਾਂ ਨੂੰ ਵਿਖਿਆਤ ਕਰਦਿਆਂ ਮੂਲ ਰੂਪ ਵਿਚ ਕਾਵਿ ਦੇ ਦੋ ਭੇਦ; ਦ੍ਰਿਸ ਕਾਵਿ ਤੇ ਸ਼੍ਰਵ ਕਾਵਿ ਮੰਨੇ ਹਨ। ਸਰੂਪ ਦੇ ਨਜ਼ਰੀਏ ਤੋਂ ਦੰਡੀ ਕਾਵਿ ਨੂੰ ਤਿੰਨ ਭਾਗਾਂ ਵਿਚ ਵੰਡਕੇ ਪ੍ਰਸਤੁਤ ਕਰਦਾ ਹੈ-ਗਦ ਕਾਵਿ, ਪਦ ਕਾਵਿ ਤੇ ਮਿਸ਼ਰਤ ਕਾਵਿ।

(ਹ) ਮਹਾਕਾਵਿ ਦਾ ਸਰੂਪ

ਮਹਾਕਾਵਿ ਇੱਕ ਸਰਗਬੱਧ ਰਚਨਾ ਹੁੰਦੀ ਹੈ ਪਰ ਦੰਡੀ ਆਪਣੇ ਸ਼ਾਸਤਰ ਵਿਚ ਮਹਾਕਾਵਿ ਵਿਚਲੇ ਸਰਗਾਂ ਦੀ ਸੰਖਿਆ ਦੇ ਵਿਸ਼ੇ ਉੱਪਰ ਕੋਈ ਵਿਸ਼ੇਸ਼ ਨਿਰਦੇਸ਼ ਪ੍ਰਸਤੁਤ ਨਹੀਂ ਕੀਤਾ। ਲਖਵਿੰਦਰ ਸਿੰਘ ਨੇ ਆਪਣੀ ਪੁਸਤਕ 'ਰਸਾਨੁਭਾਵ:' ਵਿੱਚ ਲਿਖਿਆ ਹੈ ਕਿ, *ਉਸਤੋਂ (ਦੰਡੀ) ਪੂਰਬਲੇ ਕਾਵਿ ਸਿਧਾਂਤਕਾਰਾਂ ਨੇ ਮਹਾਕਾਵਿ ਵਿਚ ਘੱਟੋ-ਘੱਟ ਅੱਠ ਸਰਗ ਹੋਣ ਦਾ ਵਿਧਾਨ ਪੇਸ਼ ਕੀਤਾ ਹੈ ਅਤੇ ਨਾਲ ਹੀ ਮਹਾਕਾਵਿ ਦਾ ਕਥਾਨਕ ਇਤਿਹਾਸਕ ਹੋਣਾ ਲਾਜ਼ਮੀਂ ਦੱਸਿਆ ਹੈ। ਪ੍ਰਸਿੱਧ ਇਤਿਹਾਸ ਤੋਂ ਬਿਨਾ ਕਿਸੇ ਮਹਾਂਪੁਰਖ਼ ਦਾ ਚਰਿੱਤਰ ਵੀ ਕਥਾਨਕ ਦੇ ਰੂਪ ਵਿਚ ਵਰਨਣ ਕੀਤਾ ਜਾ ਸਕਦਾ ਹੈ।* [5] ਦੰਡੀ ਦਾ ਵਿਚਾਰ ਹੈ ਕਿ ਮਹਾਕਾਵਿ ਦਾ ਪ੍ਰਯੋਜਨ ਪੁਰਸ਼ਾਰਥ ਜਾਂ ਚਤੁਰਫਲ ਦੀ ਪ੍ਰਾਪਤੀ ਹੈ। ਮਹਾਕਾਵਿ ਦਾ ਨਾਇਕ ਦਕਸ਼ ਤੇ ਉਦੱਤ ਹੋਣਾ ਚਾਹੀਦਾ ਹੈ। ਸਿਧਾਂਤਕਾਰ ਨੇ ਵੈਸੇ ਮੂਲ ਰੂਪ ਵਿਚ ਨਾਇਕ ਦੇ ਚਾਰ ਭੇਦ; ਧੀਰੋਦੱਤ, ਧੀਰਲਲਿਤ, ਧੀਰੋਦਾਤ ਤੇ ਧੀਰ ਪ੍ਰਸ਼ਾਤ ਸਵੀਕਾਰ ਕੀਤੇ ਹਨ।

(ਕ) ਭਾਸ਼ਾ ਦੇ ਆਧਾਰ ਉੱਪਰ ਕਾਵਿ ਦੇ ਭੇਦ:

ਆਚਾਰੀਆ ਦੰਡੀ ਨੇ ਕਾਵਿ ਦੇ ਸ਼ਰੀਰ ਨੂੰ ਗੱਦ, ਪਦ ਤੇ ਮਿਸ਼ਰਤ ਤਿੰਨ ਭਾਗਾਂ ਵਿਚ ਵੰਡਕੇ ਅੱਗੋਂ ਭਾਸ਼ਾ ਦੇ ਆਧਾਰ ਉੱਪਰ ਸੰਸਕ੍ਰਿਤ, ਪ੍ਰਾਕ੍ਰਿਤ, ਅਪਭ੍ਰੰਸ਼ ਅਤੇ ਮਿਸ਼ਰਤ ਚਾਰ ਹਿੱਸਿਆਂ ਵਿਚ ਤਕਸੀਮ ਕੀਤਾ ਹੈ, ਜਿਸਦਾ ਵੇਰਵਾ ਨਿਮਨਲਿਖਤ ਅਨੁਸਾਰ ਪੇਸ਼ ਕੀਤਾ ਗਿਆ ਹੈ:

*1. ਸੰਸਕ੍ਰਿਤ:* ਸੰਸਕ੍ਰਿਤ ਵਿਆਕਰਨ (ਆਚਾਰੀਆ ਪਾਣਿਨੀ ਦੇ ਅਸ਼ਟਾਧਿਆਈ) ਦੀਆਂ ਕੋਟੀਆਂ ਅਨੁਸਾਰ ਇੱਕ ਨਿਯਮਬੱਧ ਕੀਤੀ ਹੋਈ ਭਾਸ਼ਾ ਹੈ। ਇਸ ਭਾਸ਼ਾ ਨੂੰ ਦੈਵੀ ਵਾਕ ਜਾਂ ਦੇਵਤਿਆ ਦੀ ਭਾਸ਼ਾ ਵੀ ਕਿਹਾ ਜਾਂਦਾ ਹੈ ਕਿਉਂਕਿ ਦੇਵਤਿਆ ਦੇ ਪ੍ਰਥਾਇ ਕੀਤੇ ਗਏ ਸਾਰੇ ਕਾਰਜ ਇਸ ਭਾਸ਼ਾ ਦੇ ਮਾਧਿਅਮ ਦੁਆਰਾ ਸੰਪੂਰਨ ਹੁੰਦੇ ਹਨ।

*2. ਪ੍ਰਾਕ੍ਰਿਤ:* ਪ੍ਰਾਕ੍ਰਿਤ ਭਾਸ਼ਾ ਦੀ ਵਰਤੋਂ ਸਮਾਜ ਦੇ ਸਧਾਰਨ ਆਮ ਲੋਕਾਂ ਦੁਆਰਾ ਕੀਤੀ ਜਾਂਦੀ ਹੈ। ਇਸ ਭਾਸ਼ਾ ਦੇ ਸ਼ਬਦਾਂ ਦੇ ਕਈ ਰੂਪ ਪ੍ਰਚਿੱਲਤ ਹਨ, ਇਨ੍ਹਾਂ ਵਿਚ ਕੁਝ ਸ਼ਬਦ ਰੂਪ ਸੰਸਕ੍ਰਿਤ ਭਾਸ਼ਾ ਤੋਂ ਅਤੇ ਕੁਝ ਸ਼ਬਦ ਸਮੂਹ ਸੰਸਕ੍ਰਿਤ ਸ਼ਬਦ ਸ਼ਰੇਣੀ ਤੋਂ ਬਾਹਰ ਵਾਲੇ ਹਨ। ਪ੍ਰਾਕ੍ਰਿਤ ਭਾਸ਼ਾ ਵਿਚ ਕੁਝ ਸ਼ਬਦਾਂ ਦੀ ਵਰਤੋਂ ਸਿਰਫ਼ ਵਿਸ਼ੇਸ਼ ਸਥਾਨ ਦੇ ਸੰਦਰਭ ਵਿਚ ਹੀ ਹੁੰਦੀ ਹੈ। ਦੰਡੀ ਅਨੁਸਾਰ ਮਹਾਰਾਸ਼ਟਰੀ, ਸ਼ੌਰਸੇਨੀ, ਗੌ ਮਾਗਧੀ, ਅਰਧ ਮਾਗਧੀ ਅਤੇ ਆਵੰਤਿਕਾ ਆਦਿ ਇਸਦੇ ਭੇਦਾਂ ਨੂੰ 'ਕਾਵਿਯਾਦਰਸ਼' ਵਿਚ ਪ੍ਰਸਤੁਤ ਕੀਤਾ ਹੈ।

*3. ਅਪਭ੍ਰੰਸ਼:* ਪਸ਼ੂ ਚਾਰਨ ਵਾਲੇ ਲੋਕਾਂ ਦੁਆਰਾ ਵਿਹਾਰ ਵਿਚ ਵਰਤੀ ਜਾਂਦੀ ਭਾਸ਼ਾ ਨੂੰ ਦੰਡੀ ਨੇ ਅਪਭ੍ਰੰਸ਼ ਆਖਿਆ ਹੈ। ਪਰ ਸ਼ਾਸਤਰ ਵਿਚ ਸੰਸਕ੍ਰਿਤ ਤੋਂ ਬਿਨਾ

ਸਾਰੀਆਂ ਭਾਸ਼ਾਵਾਂ ਨੂੰ ਹੀ ਅਪਭ੍ਰੰਸ਼ ਕਿਹਾ ਗਿਆ ਹੈ।

*4.ਕਾਵਿ ਖੇਤਰ ਵਿਚ ਭਾਸ਼ਾਵਾਂ ਦੀ ਵਰਤੋਂ*: ਆਚਾਰੀਆ ਦੰਡੀ ਦਾ ਵਿਚਾਰ ਹੈ ਕਿ ਮਹਾਕਾਵਿ ਆਦਿ ਦੀ ਰਚਨਾ ਸੰਸਕ੍ਰਿਤ ਭਾਸ਼ਾ ਵਿਚ ਹੁੰਦੀ ਹੈ। ਇਸਤੋਂ ਬਿਨਾ ਸਕੰਦ ਆਦਿ ਛੰਦ ਵਿਸ਼ੇਸ਼ ਵਾਲੇ ਗ੍ਰੰਥ ਪ੍ਰਾਕ੍ਰਿਤ ਭਾਸ਼ਾ ਵਿਚ , ਓਸਰ ਛੰਦ ਵਾਲੇ ਗ੍ਰੰਥ ਅਪਭ੍ਰੰਸ਼ ਭਾਸ਼ਾ ਵਿਚ ਅਤੇ ਨਾਟਕ ਅਥਾਦਿ ਰੂਪਕਾਂ ਦੇ ਪਾਤਰ ਸਥਿਤੀ ਅਨੁਸਾਰ ਸੰਸਕ੍ਰਿਤ, ਪ੍ਰਾਕ੍ਰਿਤ ਤੇ ਅਪਭ੍ਰੰਸ਼ ਆਦਿ ਤਿੰਨਾਂ ਭਾਸ਼ਾਵਾਂ ਦੀ ਵਰਤੋਂ ਕਰਦੇ ਹਨ। ਇਸ ਪ੍ਰਕਾਰ ਇਨ੍ਹਾਂ ਦੀ ਭਾਸ਼ਾ ਮਿਸ਼ਰਤ ਰੂਪ ਵਿਚ ਬਣ ਜਾਂਦੀ ਹੈ ਪਰ ਕਥਾ ਗ੍ਰੰਥ ਦੀ ਇਕੋ ਭਾਸ਼ਾ ਸੰਸਕ੍ਰਿਤ ਹੀ ਹੁੰਦੀ ਹੈ।

(ਖ) ਮਾਰਗ (ਰੀਤੀ) ਦਾ ਅਧਿਐਨ

ਆਚਾਰੀਆ ਦੰਡੀ ਅਨੁਸਾਰ ਕਾਵਿ ਰਚਨਾ ਕਰਨ ਦੀਆਂ ਅਨੇਕ ਪੱਧਤੀਆਂ ਹਨ। ਇਨ੍ਹਾਂ ਪੱਧਤੀਆਂ ਵਿਚ ਬਹੁਤ ਸੂਖ਼ਮ ਅੰਤਰ ਹੁੰਦਾ ਹੈ, ਇਸ ਸੂਖ਼ਮ ਕਰਕੇ ਸਾਰੀਆਂ ਪੱਧਤੀਆਂ (ਰੀਤੀ ਜਾਂ ਮਾਰਗ) ਦਾ ਵਿਵੇਚਨ ਕਰਨਾ ਬਹੁਤ ਅਸੰਭਵ ਹੈ। ਦੰਡੀ ਤੋਂ ਪੂਰਬਲੇ ਆਚਾਰੀਆ ਨੇ 'ਮਾਰਗ' ਸ਼ਬਦ ਦੇ ਥਾਂ 'ਰੀਤੀ' ਸ਼ਬਦ ਦੀ ਵਰਤੋਂ ਕੀਤੀ ਹੈ। ਪੂਰਬਲੇ ਆਚਾਰੀਆਂ ਨੇ ਵੈਦਰਭੀ ਮਾਰਗ ਨੂੰ ਵੈਦਰਭ ਜਾਂ ਕੋਮਲਾ, ਗੌੜੀਆ ਨੂੰ ਕੁਟਿਲਾ ਦੇ ਨਾਂ ਨਾਲ ਵਿਖਿਆਤ ਕੀਤਾ ਹੈ। ਇਨ੍ਹਾਂ ਕਾਵਿ ਸਿਧਾਂਤਕਾਰਾਂ ਦੋਵਾਂ ਰੀਤੀਆਂ ਨਾਲ ਮਿਸ਼ਰਤ ਕਾਵਿ ਪੱਧਤੀ ਜਾਂ ਰੀਤੀ ਨੂੰ ਪੰਚਾਲੀ ਦਾ ਨਾਂ ਦਿੱਤਾ ਹੈ।

ਦੰਡੀ ਨੇ ਦੋਵਾਂ ਮਾਰਗਾਂ ਦੇ ਅੰਤਰ ਨੂੰ ਸਪਸ਼ਟ ਕਰਨ ਵਾਸਤੇ ਦਸ ਗੁਣਾ ਦਾ ਵਿਵੇਚਨ ਪੇਸ਼ ਕੀਤਾ ਹੈ। ਵੈਸੇ ਇਨ੍ਹਾਂ ਕਾਵਿ ਗੁਣਾਂ ਬਾਰੇ ਇਸ਼ਾਰਾ ਮਾਤਰ ਤਾਂ ਭਰਤ ਮੁਨੀ ਨੇ ਵੀ ਆਪਣੇ 'ਨਾਟਯ ਸ਼ਾਸਤਰ' ਵਿਚ ਵੀ ਕੀਤਾ ਹੈ ਅੱਗੇ ਜਾ ਕੇ ਆਚਾਰੀਆ ਦੰਡੀ ਨੇ ਇਨ੍ਹਾਂ ਗੁਣਾ ਨੂੰ ਹੀ ਗ੍ਰਹਿਣ ਕੀਤਾ। ਦੰਡੀ ਨੇ ਇਹ ਦਸ ਗੁਣਾ ਦਾ ਨਿਰੂਪਣ ਵੈਦਰਭੀ ਮਾਰਗ ਨੂੰ ਮੁੱਖ ਰਖਕੇ ਕੀਤਾ ਹੈ। ਇਹ ਗੁਣ ਵੈਦਰਭੀ ਮਾਰਗ ਦਾ ਪ੍ਰਾਣ ਸਰੂਪ ਹੈ ਪਰ ਗੌੜੀਆ ਮਾਰਗ ਵਾਲੇ ਇਸ ਨੂੰ ਕਾਵਿ ਦੋਸ਼ ਦੇ ਰੂਪ ਵਿਚ ਸਵੀਕਾਰ ਕਰਦੇ ਹਨ। 'ਕਾਵਿਯਾਦਰਸ਼' ਵਿਚ ਇਨ੍ਹਾਂ ਦਸ ਗੁਣਾ ਨੂੰ ਨਿਮਨਲਿਖਤ ਅਨੁਸਾਰ ਪੇਸ਼ ਕੀਤਾ ਗਿਆ ਹੈ:

*1. ਸ਼ਲੇਸ਼ ਗੁਣ*: ਵੈਦਰਭੀ ਮਾਰਗ ਅਨੁਸਾਰ ਅਲਪਪ੍ਰਾਂਣ ਵਰਨਾਂ ਦੀ ਬਹੁਤਾਂਤ ਵਾਲੀ ਸਥਿਲਤਾ ਦੋਸ਼ ਤੋਂ ਮੁਕਤ ਰਚਨਾ ਸਲੇਸ਼ ਗੁਣ ਵਾਲੀ ਹੁੰਦੀ ਹੈ। ਸਲੇਸ਼ ਗੁਣ ਵਾਲੀ ਰਚਨਾ ਵਿਚ ਮਹਾਪ੍ਰਾਂਣ ਵਰਨਾਂ ਦੇ ਮੁਕਾਬਲੇ ਅਲਪਪ੍ਰਾਂਣ ਵਰਨਾਂ ਦੀ ਵਰਤੋਂ ਵਧੇਰੇ ਹੁੰਦੀ ਹੈ।

*2. ਪ੍ਰਸਾਦ ਗੁਣ:* 'ਕਾਵਿਯਾਦਰਸ਼' ਅਨੁਸਾਰ ਪ੍ਰਸਿੱਧ ਅਰਥ ਵਾਲਾ ਕਥਨ ਪ੍ਰਸਾਦ ਗੁਣ ਵਾਲ ਹੁੰਦਾ ਹੈ। ਜਿਵੇਂ "ਇੰਦੋਰਿੰਦੀ ਵਰਧੁਤਿ ਲਕਸ਼ਮ੍ ਲਕਸ਼ਮੀਂ ਤਨੋਤਿ" ਅਰਥਾਤ ਨੀਲ ਕਮਲ ਦੀ ਸ਼ੋਭਾ ਵਾਲਾ ਚੰਦਰਮਾ ਦਾ ਚਿੰਨ੍ਹ (ਕਲੰਕ) ਉਸਦੀ ਸ਼ੋਭਾ ਵਿਚ ਵਾਧਾ ਕਰਦਾ ਹੈ। ਇਸ ਕਥਨ ਵਿਚ ਸਾਰੇ ਪਦ ਪ੍ਰਸਿੱਧ ਅਰਥ ਨੂੰ ਬਿਆਨ ਕਰਦੇ ਹਨ।

*3. ਸ਼ਮਤਾ ਗੁਣ:* ਕਾਵਿ ਪ੍ਰਬੰਧ ਵਿਚ ਸਮਾਨ ਬੰਧਨ ਵਾਲੇ ਕਾਵਿ ਨੂੰ ਸ਼ਮਤਾ ਗੁਣ ਯੁਕਤ ਦੱਸਿਆ ਗਿਆ ਹੈ। ਆਚਾਰੀਆ ਦੰਡੀ ਅਨੁਸਾਰ ਇਹ ਰਚਨਾ ਬੰਧ ਤਿੰਨ ਕਿਸਮਾਂ; ਕੋਮਲ, ਕਠੋਰ ਤੇ ਮੱਧ ਵਰਤੀ ਹੁੰਦਾ ਹੈ।

*4. ਮਾਧੁਰਯ ਗੁਣ:* ਆਚਾਰੀਆ ਦੰਡੀ ਲਿਖਦਾ ਹੈ ਕਿ ਮਿੱਠਾ ਜਾਂ ਮਧੁਰ ਵਾਕ ਮਾਧੁਰਯ ਗੁਣ ਵਾਲਾ ਹੁੰਦਾ ਹੈ। ਆਚਾਰੀਆਂ ਨੇ ਮਾਧੁਰਯ ਗੁਣ ਨੂੰ ਅੱਗੋਂ ਦੋ ਭਾਗਾਂ ਵਿਚ ਵੰਡਿਆ ਹੈ-ਸ਼ਬਦ ਮਾਧੁਰਯ ਤੇ ਅਰਥ ਮਾਧੁਰਯ। ਸ਼ਬਦ ਮਾਧੁਰਯ ਗੁਣ ਅਨੁਪ੍ਰਾਸ ਅਲੰਕਾਰ ਤੋਂ ਪੈਦਾ ਹੁੰਦਾ ਹੈ ਅਤੇ ਸ਼ਬਦ ਅਲੰਕਾਰ ਵਾਸਤੇ ਵੈਦਰਭੀ ਮਾਰਗ ਦੇ ਅਨੁਯਾਈਆਂ ਨੇ ਵ੍ਰਿਤਿ ਅਨੁਪ੍ਰਾਸ ਨੂੰ ਪਹਿਲ ਦਿੱਤੀ ਹੈ ਪਰ ਇਸਦੇ ਨਾਲ ਹੀ ਗੌੜੀਆ ਮਾਰਗ ਵਾਲੇ ਵਰਨ ਅਨੁਪ੍ਰਾਸ ਨੂੰ ਅਹਿਮੀਅਤ ਪ੍ਰਦਾਨ ਕਰਦੇ ਹਨ।

5.*ਗ੍ਰਮਿਯਤਾ ਦੋਸ਼:* ਨਿਮਨ ਦਰਜੇ ਦੇ ਲੋਕਾਂ ਦੁਆਰਾ ਬੇ ਵਿਹਾਰੇ ਜਾਂ ਤਹਿਜ਼ੀਬ ਤੋਂ ਨੀਂਵੇ ਸ਼ਬਦਾਂ ਦੀ ਵਰਤੋਂ ਕਰਨ ਨੂੰ ਗ੍ਰਮਿਯ ਦੋਸ਼ ਕਹਿੰਦੇ ਹਨ। ਇਸਦੇ ਉਲਟ ਉਸੇ ਅਰਥ ਵਿਚ ਸ਼ਿਸ਼ਟ ਲੋਕਾਂ ਦੁਆਰਾ ਵਰਤੇ ਅਨੁਸ਼ਾਸ਼ਿਤ ਸ਼ਬਦਾਂ ਦੀ ਵਰਤੋਂ ਅਗ੍ਰਮਿਯ ਹੁੰਦੀ ਹੈ। ਦੰਡੀ ਇਹ ਸਵੀਕਾਰ ਕਰਦਾ ਹੈ ਕਿ ਸਿਰਫ਼ ਅਲੰਕਾਰ ਹੀ ਮਾਧੁਰਯ ਗੁਣ ਦੇ ਪੋਸ਼ਕ ਨਹੀਂ ਹੁੰਦੇ ਬਲਕਿ ਉਨ੍ਹਾਂ ਦਾ ਗ੍ਰਮਿਯ ਦੋਸ਼ ਤੋਂ ਮੁਕਤ ਹੋਣਾ ਵੀ ਬਹੁਤ ਜ਼ਰੂਰੀ ਹੈ। ਇਥੇ ਆਚਾਰੀਆ ਦੰਡੀ ਨੇ ਇਸ ਦੋਸ਼ ਨੂੰ ਦੋ ਕਿਸਮਾਂ-ਅਰਥਗਤ ਗ੍ਰਮਿਯ ਤੇ ਸ਼ਬਦਗਤ ਗ੍ਰਮਿਯ ਵਿਚ ਵੰਡਕੇ ਵਸੀਹ ਵਿਵੇਚਨ ਪੇਸ਼ ਕੀਤਾ ਹੈ।

*6. ਸੁਕੁਮਾਰੀਯ ਗੁਣ:* ਕੋਮਲ ਵਰਨਾਂ ਦੀ ਬਹੁਤਾਂਤ ਵਾਲਾ ਵਾਕ ਸੁਕੁਮਾਰੀਯ ਗੁਣ ਵਾਲਾ ਹੁੰਦਾ ਹੈ। ਮੰਮਟ ਅਨੁਸਾਰ ਇਸ ਗੁਣ ਵਿਚ ਕਠੋਰ ਵਰਨਾਂ ਦੀ ਨਿਸਬਤ ਕੋਮਲ ਵਰਨਾਂ ਦੀ ਗਿਣਤੀ ਜ਼ਿਆਦਾ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਕੋਮਲ ਵਰਨ ਇਕੱਠੇ ਹੋਕੇ ਕਾਵਿ ਵਿਚ ਇੱਕ ਚਮਤਕਾਰ ਪੈਦਾ ਕਰਦੇ ਹਨ।

*7. ਉਦਾਰਤਾ ਗੁਣ:* ਜਿਸ ਕਾਵਿ ਦੇ ਉਚਾਰਨ ਵਿਚ ਸੂਖ਼ਮ ਦੇ ਗੌਰਵਮਈ ਧਰਮ ਵਿਸ਼ੇਸ਼ ਦੀ ਅਭਿਵਿਅਕਤੀ ਹੁੰਦੀ ਹੈ, ਉਥੇ ਕਾਵਿ ਵਿਚ ਉਦਾਰਤਾ ਦਾ ਗੁਣ ਮਿਲਦਾ ਹੈ। ਇਸ ਗੁਣ ਦੇ ਸੰਦਰਭ ਵਿਚ ਵੱਖ ਵੱਖ ਵਿਦਵਾਨਾਂ ਤੇ ਚਿੰਤਕਾਂ ਨੇ ਭਿੰਨ-ਭਿੰਨ ਮਤਾਂ ਦੀ ਪੁਸ਼ਟੀ ਕੀਤੀ ਹੈ। ਆਚਾਰੀਆ ਮੰਮਟ ਤੇ ਆਚਾਰੀਆ ਜਗਨਨਾਥ ਆਦਿ ਕਾਵਿ ਸਿਧਾਤਕਾਰਾਂ ਦੇ ਵਿਚਾਰ ਵਿਚ ਉਤਸ਼ਾਹ ਵਰਧਕ ਵਿਸ਼ੇਸ਼ਤਾ ਵਾਲੇ ਕਾਵਿ ਵਿਚ ਇਹ ਗੁਣ ਪਾਇਆ ਜਾਂਦਾ ਹੈ।

*8. ਓਜ ਗੁਣ:* ਆਚਾਰੀਆ ਦੰਡੀ ਦਾ ਵਿਚਾਰ ਹੈ ਕਿ ਸਮਾਸੀ ਪਦਾਂ ਵਾਲਾ ਕਾਵਿ ਓਜ ਗੁਣ ਸੰਪੰਨ ਮੰਨਿਆ ਜਾਂਦਾ ਹੈ। ਇਸ ਗੁਣ ਵਾਲੇ ਕਾਵਿ ਵਿਚ ਸਮਾਸੀ ਪਦਾਂ ਦੀ ਸੰਖਿਆ ਵਧੇਰੇ ਹੁੰਦੀ ਹੈ। ਵੈਦਰਭੀ ਮਾਰਗ ਦੇ ਅਨੁਸਾਰ ਅਜਿਹੇ ਪਦ ਗੱਦ ਕਾਵਿ ਵਿਚ ਚਮਤਕਾਰੀ ਹੋ ਉੱਠਦੇ ਹਨ ਇਸਦੇ ਨਾਲ ਹੀ ਗੌੜੀਆ ਮਾਰਗ ਦੇ ਅਨੁਯਾਈ ਵੀ ਸਮਾਸ ਦੀ ਕਾਵਿ ਵਿਚ ਬਹੁਲਤਾ ਨੂੰ ਹੋਰ ਵੀ ਜ਼ਿਆਦਾ ਪ੍ਰਮਾਣਿਕ ਮੰਨਦੇ ਹਨ।

*9. ਕਾਂਤੀ ਗੁਣ:* ਲੋਕ ਮਰਿਯਾਦਾ ਦੀ ਉਲੰਘਣਾ ਨਾ ਕਰਦਿਆਂ ਹੋਇਆਂ ਪ੍ਰਸ਼ੰਸਾਮਈ ਵਾਕਾਂ ਦਾ ਜੋੜ ਕਾਂਤੀ ਗੁਣ ਅਖਵਾਉਂਦਾ ਹੈ। ਗੌੜੀਆਂ ਮਾਰਗ ਦੇ ਵਕਤਿਆਂ ਅਨੁਸਾਰ ਲੋਕ ਵਿਹਾਰ ਦੀ ਓਲੰਘਣਾ ਕਰਨ ਵਾਲੇ ਵਾਕ ਜ਼ਿਆਦਾਤਰ ਕਾਲਪਨਿਕ ਹੋ ਜਾਂਦੇ ਹਨ ਇਸ ਤਰ੍ਹਾਂ ਨਾਲ ਕਾਵਿ ਵਿਚ ਚਮਤਕਾਰ ਪੈਦਾ ਨਹੀਂ ਹੋ ਸਕਦਾ।

*10. ਸਮਾਧੀ ਗੁਣ:* ਲੋਕ ਵਿਹਾਰ ਦੀ ਸੀਮਾਂ ਦਾ ਅਨੁਸਰਣ ਕਰਦੇ ਹੋਏ ਕਿਸੇ ਵਸਤੂ ਦੇ ਗੁਣਾਂ ਨੂੰ ਦੂਸਰੀ ਵਸਤੂ ਦੇ ਲੱਛਣ ਵਿਸ਼ੇਸ਼ ਵਿਚ ਜਾਣ-ਬੁੱਝਕੇ ਆਰੋਪਿਤ ਕਰਨਾ ਸਮਾਧੀ ਗੁਣ ਹੁੰਦਾ ਹੈ।

ਵੈਦਰਭੀ ਤੇ ਗੌੜੀਆਂ ਮਾਰਗ ਵਿਚ ਅੰਤਰ: ਨਿਖੇੜ

ਪਹਿਲੇ ਪਰਿਛੇਦ ਵਿਚ ਆਚਾਰੀਆ ਦੰਡੀ ਨੇ ਵੈਦਰਭੀ ਅਤੇ ਗੌੜੀਆ ਮਾਰਗ ਨੂੰ ਗੁਣ ਨਿਰੂਪਣ ਦੇ ਪ੍ਰਸੰਗ ਵਿਚ ਸਪੱਸ਼ਟ ਕੀਤਾ ਹੈ, ਜਿਸ ਵਿਚ ਉਸਨੇ ਸ਼ੈਥਿਲ ਦੋਸ਼, ਅਥਿਲਤਾ ਦੋਸ਼, ਨਿਤਯਹਾਰਥ ਦੋਸ਼ ਆਦਿ ਵਾਲੀ ਰਚਨਾ ਨੂੰ ਵੀ ਅਨੁਪ੍ਰਾਸ ਅਲੰਕਾਰ ਯੁਕਤ ਹੋਣ ਕਰਕੇ ਉਤਕ੍ਰਿਸ਼ਟ ਕਾਵਿ ਦੀ ਸ਼੍ਰੇਣੀ ਵਿਚ ਹੀ ਸ਼ੁਮਾਰ ਕੀਤਾ ਹੈ। ਇਥੇ ਵੈਦਰਭੀ ਅਤੇ ਗੌੜੀਆ ਮਾਰਗ ਵਿਚ ਕੁਝ ਸਮਾਨਤਾਵਾਂ ਹੋਣ ਤੇ ਵੀ ਕੁਝ ਵਖਰਤਾਵਾਂ ਮਿਲਦੀਆ ਹਨ ਜਿੰਨ੍ਹਾਂ ਦਾ ਨਿਰੂਪਣ ਆਚਾਰੀਆ ਦੰਡੀ ਨੇ 'ਕਾਵਿਯਾਦਰਸ਼' ਵਿਚ ਨਿਮਨਲਿਖਤ ਅਨੁਸਾਰ ਕੀਤਾ ਹੈ:

- ਵੈਦਰਭੀ ਮਾਰਗ ਦੇ ਅਨੁਯਾਈ ਪ੍ਰਸਿੱਧ ਅਰਥਾਂ ਵਾਲੇ ਸ਼ਬਦਾਂ ਦੇ ਸੰਯੋਜਨ ਨੂੰ ਉਤਕ੍ਰਿਸ਼ਟ ਮੰਨਦੇ ਹਨ ਪਰ ਇਸਦੇ ਉਲਟ ਗੌੜੀਆ ਮਾਰਗ ਵਿਚ ਅਪ੍ਰਸਿੱਧ ਅਰਥਾਂ ਵਾਲੀ ਰਚਨਾਂ ਨੂੰ ਵੀ ਕਾਵਿ ਦੀ ਸ਼੍ਰੇਣੀ ਵਿਚ ਹੀ ਗਿਣਿਆ ਜਾਂਦਾ ਹੈ।
- ਵੈਦਰਭੀ ਮਾਰਗ ਅਨੁਸਾਰ ਕਾਵਿ ਰਚਨਾ ਬੰਧ ਯੁਕਤ ਹੁੰਦੀ ਹੈ ਪਰ ਗੌੜੀਆ ਮਾਰਗ ਅਨੁਸਾਰ ਕੇਵਲ ਅਲੰਕਾਰ ਦੀ ਚਮਤਕਾਰੀ ਸਥਿਤੀ ਹੋਣੀ ਹੀ ਲਾਜ਼ਮ ਹੈ। ਇਹ ਕੋਈ ਜ਼ਰੂਰੀ ਨਹੀਂ ਕਿ ਕਾਵਿ ਛੰਦ ਬੱਧ ਹੀ ਹੋਵੇ।
- ਵੈਦਰਭੀ ਮਾਰਗ ਦੇ ਵਕਤੇ ਸ਼ਰੁੱਤੀ ਅਨੁਪ੍ਰਾਸ ਵਾਲੀ ਰਚਨਾ ਨੂੰ ਉੱਤਮ ਮੰਨਦੇ ਹਨ ਜਦਕਿ ਗੌੜੀਆ ਵਿਚ ਵਰਣ ਅਨੁਪ੍ਰਾਸ ਨੂੰ ਉਤਕ੍ਰਿਸਟ ਮੰਨਿਆ ਜਾਂਦਾ ਹੈ।
- ਵੈਦਰਭੀ ਮਾਰਗ ਅਨੁਸਾਰ ਲੰਮੇ ਸਮਾਸਾਂ ਵਾਲੀ ਰਚਨਾ ਉੱਤਮ ਹੈ ਜਦਕਿ ਗੌੜੀਆ ਅਨੁਸਾਰ ਛੋਟੇ ਪਦਾਂ ਤੇ ਸਮਾਸ ਰਹਿਤ ਕਾਵਿ ਨੂੰ ਉੱਤਮ ਮੰਨਿਆ ਗਿਆ ਹੈ।

(ਗ) ਕਾਵਿ ਦੇ ਹੇਤੁ

ਆਚਾਰੀਆ ਦੰਡੀ ਨੇ ਆਪਣੇ ਗ੍ਰੰਥ 'ਕਾਵਿਯਾਦਰਸ਼' ਵਿਚ ਮੂਲ ਰੂਪ ਤੋਂ ਕਾਵਿ ਦੇ ਤਿੰਨ ਹੇਤੁ- ਉੱਚਤਮ ਪ੍ਰਤਿਭਾ (Gunius), ਵਿਸ਼ਾਲ ਤੇ ਗੰਭੀਰ ਅਧਿਐਨ (Learning) ਅਤੇ ਗੂੜ੍ਹ ਅਭਿਆਸ (Practice) ਨੂੰ ਸਵੀਕ੍ਰਿਤੀ ਪ੍ਰਦਾਨ ਕੀਤੀ ਹੈ। ਉਸਦੇ ਅਨੁਸਾਰ ਇਨ੍ਹਾਂ ਤਿੰਨਾਂ ਹੇਤੁਆਂ ਕਰਕੇ ਹੀ ਕੋਈ ਕਾਵਿ ਰਚਨਾ ਉਤਕ੍ਰਿਸ਼ਟ ਤੇ ਸਦੀਵੀ ਹੋ ਸਕਦੀ ਹੈ।

ਦੂਸਰਾ ਪਰਿਛੇਦ

ਪ੍ਰਥਮ ਪਰਿਛੇਦ ਵਿਚ ਕਾਵਿ ਦੇ ਗੁਣ, ਸਰੂਪ ਤੇ ਉਸਦੇ ਹੇਤੁਆਂ ਆਦਿ ਦਾ ਨਿਰੂਪਣ ਕਰਨ ਤੋਂ ਮਗਰੋਂ ਆਚਾਰੀਆ ਦੰਡੀ ਨੇ ਗ੍ਰੰਥ ਦੇ ਦੂਸਰੇ ਪਰਿਛੇਦ ਵਿਚ ਕਾਵਿ ਦੇ ਸ਼ਰੀਰ ਦੀ ਸੁੰਦਰਤਾ ਵਿਚ ਵਾਧਾ ਕਰਨ ਵਾਲੇ ਧਰਮ ਅਲੰਕਾਰਾਂ ਦਾ ਵਿਸ਼ਿਸ਼ਟ ਰੂਪ ਵਿਚ ਵਰਨਣ ਕੀਤਾ ਹੈ। ਅਲੰਕਾਰ ਦੀ ਪਰਿਭਾਸ਼ਾ ਤੇ ਉਸਦੀ ਅਹਿਮੀਅਤ ਨੂੰ ਬਿਆਨ ਕਰਦਾ ਹੋਇਆ ਉਹ 'ਕਾਵਿਯਾਦਰਸ਼' (2/1) ਉੱਪਰ ਲਿਖਦਾ ਹੈ:

ਕਾਵਿਯਾ ਸ਼ੋਭਾ ਕਰਾਨ੍ ਧਰਮਾਨਲੰਕਾਰਾਨ੍ ਪ੍ਰਚਕਸ਼ਯਤੇ।।

ਅਰਥਾਤ ਕਵਿਤਾ ਦੀ ਸ਼ੋਭਾ ਵਧਾਉਣ ਵਾਲੇ ਗੁਣ ਧਰਮਾਂ ਨੂੰ ਅਲੰਕਾਰ ਕਹਿੰਦੇ ਹਨ। ਪਹਿਲੇ ਪਰਿਛੇਦ ਵਿਚ ਵੈਦਰਭੀ ਅਤੇ ਗੌੜੀਆ ਮਾਰਗ ਨੂੰ ਸਪੱਸ਼ਟ ਕਰਦੇ ਸਮੇਂ ਮਾਧੁਰਯ ਗੁਣ ਦੇ ਨਿਰੂਪਣ ਦੇ ਪ੍ਰਸੰਗ ਵਿਚ ਸ਼ਰੁਤੀ ਅਨੁਪ੍ਰਾਸ ਆਦਿ ਸ਼ਬਦ ਅਲੰਕਾਰਾਂ ਸੰਬਧੀ ਵਿਵੇਚਨ ਦੰਡੀ ਨੇ ਪਹਿਲਾਂ ਹੀ ਪ੍ਰਸਤੁਤ ਕਰ ਦਿੱਤਾ ਹੈ ਅਤੇ ਦੂਸਰੇ ਪਰਿਛੇਦ ਵਿਚ ਉਹ ਇਨ੍ਹਾਂ ਅਲੰਕਾਰਾਂ ਦਾ ਸਪੱਸ਼ਟ ਰੂਪ ਵਿਚ ਮਹੀਨ ਤੇ ਵਸੀਹ ਵਿਵਰਣ ਪ੍ਰਸਤੁਤ ਕਰਦਾ ਹੈ।

ਇਸ ਸੰਦਰਭ ਵਿੱਚ ਡਾ. ਰਕੇਸ਼ ਸ਼ਸਤਰੀ ਦਾ ਵਿਚਾਰ ਹੈ ਕਿ, *ਆਚਾਰੀਆ ਦੰਡੀ ਨੇ ਅਨੁਪ੍ਰਾਸ ਅਲੰਕਾਰ ਨੂੰ ਵਿਸ਼ਿਸ਼ਟ ਸ਼੍ਰੇਣੀ ਵਿਚ ਰੱਖਕੇ ਉਸਦਾ ਵਿਵੇਚਨ ਵੈਦਰਭੀ ਅਤੇ ਗੌੜੀਆ ਮਾਰਗ ਦੇ ਭੇਦ ਨੂੰ ਨਿਰੂਪਿਤ ਕਰਦਿਆਂ ਸਪੱਸ਼ਟ ਕਰ ਦਿੱਤਾ ਹੈ। ਇਸਤੋਂ ਬਿਨਾ ਹੋਰ ਅਲੰਕਾਰਾਂ ਨੂੰ ਸਮਾਨ ਅਲੰਕਾਰਾਂ ਦੀ ਸ਼੍ਰੇਣੀ ਵਿਚ ਸ਼ੁਮਾਰ ਕਰਦਿਆਂ ਅਰਥ ਅਲੰਕਾਰਾਂ ਦਾ ਵਿਵੇਚਨ ਇਸ ਪਰਿਛੇਦ ਵਿਚ ਬਹੁਤ ਗੰਭੀਰਤਾ ਨਾਲ ਕੀਤਾ ਗਿਆ ਹੈ।*[6] ਇਸ (ਦੂਜੇ) ਪਰਿਛੇਦ ਵਿਚ ਉਸਨੇ ਕੁੱਲ 35 ਅਲੰਕਾਰਾਂ ਸੰਬੰਧੀ ਆਪਣਾ ਅਧਿਐਨ ਵਿਸ਼ਲੇਸ਼ਣ ਪ੍ਰਸਤੁਤ ਕੀਤਾ ਹੈ ਜੋ ਇਸ ਪ੍ਰਕਾਰ ਹੈ:

1. ਸੁਭਾਵੋਕਤੀ, 2. ਉਪਮਾ, 3. ਰੂਪਕ, 4. ਦੀਪਕ, 5. ਆਵ੍ਰਿਤੀ, 6. ਆਖੇਪ, 7. ਅਰਥਾਂਤਰ ਨਿਆਸ, 8. ਵਿਅਤੀਰੇਕ, 9. ਵਿਭਾਵਨਾ, 10. ਸਮਾਸੋਕਤੀ, 11. ਅਤਿਸ਼ੋਕਤੀ, 12. ਅਤਪ੍ਰੇਖਿਆ, 13. ਹੇਤੁ, 14. ਸੂਖ਼ਮ, 15. ਲੇਸ, 16. ਯਥਾ ਸੰਖਿਆ, 17. ਪ੍ਰੇਯ, 18. ਰਸਵਤੁ, 19. ਊਰਜਸਵੀ, 20. ਪਰਿਯੋਕਤ, 21. ਸਮਾਹਿਤ, 22. ਉਦੱਤ, 23. ਅਪਨਹੁੱਤੀ, 24. ਸ਼ਲੇਸ, 25. ਵਿਸ਼ੇਸ਼ੋਕਤੀ, 26. ਤੁਲਿਯਾਯੋਗਤਾ, 27. ਵਿਰੋਧ, 28. ਅਪ੍ਰਸਤੁਤ ਪ੍ਰਸ਼ੰਸਾ, 29. ਵਿਆਜ ਸਤੁਤੀ, 30. ਨਿਦਰਸ਼ਨਾ, 31. ਸਹੋਕਤੀ, 32. ਪਰਿਵ੍ਰਿਤਕ, 33. ਆਸੀ, 34.ਸੰਸ੍ਰਿਸਟੀ ਅਤੇ 35 ਭਾਵਿਕ ਆਦਿ।

ਤੀਸਰਾ ਪਰਿਛੇਦ

ਜਿਥੇ 'ਕਾਵਿਯਾਦਰਸ਼' ਦੇ ਦੂਸਰੇ ਪਰਿਛੇਦ ਦਾ ਵਿਸ਼ਾ ਅਰਥ ਅਲੰਕਾਰ ਹੈ ਉਥੇ ਇਸਦੇ ਤੀਸਰੇ ਪਰਿਛੇਦ ਜਾਂ ਭਾਗ ਵਿਚ ਆਚਾਰੀਆ ਦੰਡੀ ਨੇ ਸ਼ਬਦ ਅਲੰਕਾਰ ਦੋਸ਼ਾਂ ਸੰਬੰਧੀ ਆਪਣਾ ਵਿਵੇਚਨ ਪ੍ਰਸਤੁਤ ਕੀਤਾ ਹੈ। ਵਿਅਸ਼ਟੀ ਦ੍ਰਿਸ਼ਟੀਕੋਣ ਤੋਂ ਦੰਡੀ ਨੇ ਸ਼ਬਦ ਅਲੰਕਾਰਾਂ ਬਾਰੇ 4/124 ਅਤੇ ਸ਼ੁਕਰ ਅਲੰਕਾਰਾਂ ਦਾ ਨਿਰੂਪਣ 4/37 ਕਾਰਿਕਾਵਾਂ ਵਿਚ ਵਸੀਹ ਰੂਪ ਵਿਚ ਕੀਤਾ ਹੈ ਬਾਕੀ ਕਾਰਿਕਾ ਨੰ. 38/124 ਵਿਚ ਦੁਸ਼ਕਰ ਅਲੰਕਾਰਾਂ ਬਾਰੇ ਵੇਰਵਾ ਦਿੱਤਾ ਗਿਆ ਹੈ। ਕਾਵਿ ਸ਼ਾਸਤ੍ਰੀ ਸਿਧਾਂਤਕਾਰ ਤੇ ਵ੍ਰਿਤੀਕਾਰ ਇਸ ਪਰਿਛੇਦ ਨੂੰ 'ਸ਼ਬਦ ਅਲੰਕਾਰ ਦੋਸ਼ ਪਰਿਛੇਦ' ਨਾਂ ਨਾਲ ਵੀ ਮੁਖ਼ਾਤਿਬ ਹੁੰਦੇ ਹਨ।

ਕਾਵਿਯਾਦਰਸ਼ ਦਾ ਮੁੱਖ ਵਿਸ਼ਾ ਕਾਵਿ ਲੱਛਣ ਹੈ ਤੇ ਇ ਗ੍ਰੰਥ ਕਾਵਿ ਦੇ ਲੱਛਣਾਂ ਨੂੰ ਵਿਸ਼ਿਸ਼ਟ ਰੂਪ ਵਿਚ ਨਿਰੂਪਤ ਕਰਦਾ ਹੈ। ਕਾਵਿ ਦੇ ਗੁਣ ਅਤੇ ਦੋਸ਼ ਉਸਦੇ ਮੁਢਲੇ ਲੱਛਣ ਹਨ ਅਤੇ ਇਹ ਕਾਵਿ ਦੀ ਆਂਤਰਿਕ ਸੰਰਚਨਾ ਵਿਚ ਵਿਦਮਾਨ ਰਹਿੰਦੇ ਹਨ। ਇਨ੍ਹਾਂ ਤੱਤਾਂ ਨੂੰ ਆਚਾਰੀਆ ਦੰਡੀ ਨੇ 'ਗੁਣ' ਤੇ 'ਦੋਸ਼' ਦੇ ਨਜ਼ਰੀਏ ਤੋਂ ਵਾਚ ਕੇ ਕਾਵਿ ਨੂੰ ਬਾਹਰੀ ਤੇ ਆਂਤਰਿਕ ਸੰਰਚਨਾ ਦੇ ਆਧਾਰ ਉੱਪਰ ਪ੍ਰਸਤੁਤ ਕਰਨ ਦਾ ਯਤਨ ਕੀਤਾ ਹੈ। ਇਥੇ ਕਾਵਿ ਦੀ ਬਾਹਰੀ ਸੰਰਚਨਾ ਤੋਂ ਮੁਰਾਦ ਉਸਦਾ ਸ਼ਰੀਰ ਹੈ ਤੇ ਆਂਤਰਿਕ ਸੰਰਚਨਾ ਉਸਦੀ ਸ਼ੋਭਾ ਵਿਚ ਵਾਧਾ ਕਰਦੇ ਧਰਮ ਅਲੰਕਾਰ ਹਨ ਅਤੇ ਦੰਡੀ ਨੇ ਇਸ਼ੇ ਕਾਵਿ ਗੁਣ ਨੂੰ ਅਲੰਕਾਰ ਦਾ ਨਾਂ ਪ੍ਰਦਾਨ ਕੀਤਾ ਹੈ।

ਇਸ ਭਾਗ ਵਿਚ ਆਚਾਰੀਆ ਨੇ ਕਾਵਿ ਗੁਣ/ਅਲੰਕਾਰਾਂ ਨੂੰ ਯਮਕ (1/77), ਆਕਾਰ ਬੰਧ (78/82) ਅਤੇ ਵਰਨ ਨਿਯਮ (83/95) ਦੇ ਭੇਦਾਂ ਅਨੁਸਾਰ ਚਿੱਤਰਬੰਧ ਤੇ ਬੁਝਾਰਤਾਂ (96/124) ਦੇ ਰੂਪ ਵਿਚ ਵਿਸ਼ਲੇਸ਼ਿਤ ਕਰਕੇ ਇਨ੍ਹਾਂ ਦੇ ਲੱਛਣਾਂ ਤੇ ਭੇਦਾਂ ਨੂੰ ਉਦਾਹਰਨਾਂ ਸਹਿਤ ਬਿਆਨ ਕੀਤਾ ਹੈ।

(ਘ) ਦੋਸ਼ ਨਿਰੂਪਣ

ਕਾਵਿ ਦੇ ਗੁਣ ਤੇ ਲੱਛਣ ਬਿਆਨ ਕਰਨ ਤੋਂ ਮਗਰੋਂ ਆਚਾਰੀਆ ਦੰਡੀ ਨੇ 10 ਕਾਵਿ ਦੋਸ਼ਾਂ ਦਾ ਵਿਵਰਣ ਪ੍ਰਸਤੁਤ ਕੀਤਾ ਹੈ। ਸਭ ਤੋਂ ਪ੍ਰਥਮ ਉਸਨੇ 3/125-26 ਵਿਚ ਕਾਵਿ ਦੋਸ਼ਾਂ ਦੀ ਸੰਖਿਆ ਨਿਸਚਿਤ ਕੀਤੀ ਅਤੇ ਫਿਰ ਇਨ੍ਹਾਂ ਕਾਵਿ ਦੋਸ਼ਾਂ ਨੂੰ ਦੋ ਵਰਗਾਂ ਵਿਚ ਵੰਡਿਆ ਹੈ- 1. ਅਰਥਹੀਨ ਕਾਵਿ ਦੋਸ਼ ਅਤੇ 2. ਦੇਸ਼ ਆਦਿ ਵਿਰੋਧੀ। ਪਹਿਲੇ ਵਰਗ (ਅਰਥਹੀਣ) ਵਿਚ ਆਚਾਰੀਆ ਨੇ ਕੁੱਲ 9 ਕਾਵਿ ਦੋਸ਼ਾਂ ਸੰਬੰਧੀ ਵੇਰਵਾ ਪ੍ਰਸਤੁਤ ਕੀਤਾ ਹੈ। ਜਿੰਨ੍ਹਾਂ ਵਿਚ ਅਪ-ਅਰਥ, ਵਿਅਰਥ, ਏਕਾਰਥ (ਪੁਨਰੁਕਤੀ), ਸ਼ਬਦਗਤ ਤੇ ਅਰਥਗਤ, ਸ਼ੱਕ, ਅਪਕ੍ਰਮ, ਸ਼ਬਦਹੀਣ, ਭ੍ਰਸ਼ਟ, ਭਿੰਨਵ੍ਰਿਤੀ, ਵਿਸੰਧਕ ਅਤੇ ਭਿੰਨ ਰਿਤਕ ਆਦਿ ਸ਼ਾਮਲ ਹਨ।

ਦੂਸਰੇ ਵਰਗ ਦੇਸ਼ ਆਦਿ ਵਿਰੋਧ ਵਿਚ ਇਸਦੇ 6 ਭੇਦਾਂ ਨੂੰ ਦੱਸਿਆ ਗਿਆ ਹੈ। ਇਸ ਸੰਦਰਭ ਵਿਚ ਇਹਨਾਂ ਦੀ ਗਿਣਤੀ ਬਹੁਤ ਜ਼ਿਆਦਾ ਹੋ ਜਾਂਦੀ ਹੈ ਕਿਉਂਕਿ ਇੱਕ ਭੇਦ ਦੇ ਅੱਗੋਂ ਕਈ ਕਈ ਭੇਦ ਤੇ ਉਪ-ਭੇਦ ਪ੍ਰਸਤੁਤ ਹੋ ਜਾਂਦੇ ਹਨ ਇਸ ਵਾਸਤੇ ਆਚਾਰੀਆ ਨੇ ਇਨ੍ਹਾਂ ਦੀ ਸੰਖਿਆ ਨੂੰ ਠੀਕ ਬਣਾਈ ਰੱਖਣ ਵਾਸਤੇ ਇਨ੍ਹਾਂ ਸਾਰਿਆਂ ਨੂੰ ਇੱਕੋ ਦੋਸ਼ ਦੇ ਅੰਤਰਗਤ ਵਿਚਾਰਿਆ ਹੈ। ਇ ਦੋਸ਼ ਕਵੀ ਦੇ ਦੇਸ਼, ਕਾਲ, ਇਤਿਹਾਸ, ਧਰਮ, ਰਾਜਨੀਤੀ, ਸ਼ਾਸਤਰ, ਕਲਾ, ਸੱਭਿਆਚਾਰ, ਲੋਕ ਮਾਨਸ, ਸਮਾਜਿਕ ਸੰਗਠਨ ਤੇ ਦੁਨਿਆਵੀ ਗਿਆਨ ਵਿਚ ਤਰੁੱਟੀ ਜਾਂ ਅਲਪ ਗਿਆਨ ਦੇ ਕਾਰਨ ਕਾਵਿ ਵਿਚ ਪੈਦਾ ਹੋ ਸਕਦੇ ਹਨ। ਆਚਾਰੀਆਂ ਵਿਸ਼ਵਨਾਥ ਅਨੁਸਾਰ ਇਨ੍ਹਾਂ ਦੋਸ਼ਾਂ ਦੀ ਪਛਾਣ ਕਰਨੀ ਬਹੁਤ ਜ਼ਿਆਦਾ ਕਲਿਸ਼ਟ ਹੈ। 'ਕਾਵਿਯਾਦਰਸ਼' ਵਿਚ ਆਚਾਰੀਆ ਨੇ ਉਨ੍ਹਾਂ ਸਥਿਤੀ ਦਾ ਵੇਰਵਾ ਵੀ ਦਿੱਤਾ ਹੈ ਜਿੰਨ੍ਹਾਂ ਦੇ ਰਹਿੰਦਿਆਂ ਕਈ ਵਾਰ ਇਹ ਕਾਵਿ ਦੋਸ਼ ਕਾਵਿ ਗੁਣਾਂ ਵਿਚ ਵੀ ਪਰਵਰਤਿਤ ਹੋ ਜਾਂਦੇ ਹਨ। ਸ਼ਾਸਤਰਕਾਰ ਨੇ ਕਾਰਿਕਾ ਨੰ. 3/180 –ਤੋਂ 85 ਤੱਕ ਉਦਾਹਰਨਾਂ ਸਹਿਤ ਇਨ੍ਹਾਂ ਕਥਨਾਂ ਦੀ ਸਪੱਸ਼ਟ ਪੁਸ਼ਟੀ ਪ੍ਰਸਤੁਤ ਕੀਤੀ ਹੈ। ਇਸ ਪਰਿਛੇਦ ਦੀ ਸਮਾਪਤੀ ਵਿਚ ਗੁਣ/ਦੋਸ਼ਾਂ ਨੂੰ ਵਿਸ਼ੇਸ਼ ਮਹੱਤਵ ਪ੍ਰਦਾਨ ਕਰਕੇ ਆਚਾਰੀਆ ਨੇ ਇਹ ਸੂਚਿਤ ਕਰਨ ਦਾ ਯਤਨ ਕੀਤਾ ਹੈ ਕਿ ਜੇਕਰ ਵਿਸ਼ੇਸ਼ ਮੌਕਿਆਂ ਵਿਚ ਕੋਈ ਦੋਸ਼ ਗੁਣ ਵਿਚ ਬਦਲ ਜਾਂਦਾ ਹੈ ਤਾਂ ਕਈ ਪਰਸਥਿਤੀਆਂ ਐਸੀਆਂ ਵੀ ਬਣ ਜਾਂਦੀਆਂ ਹਨ ਜਿੰਨ੍ਹਾਂ ਵਿਚ ਕੋਈ ਗੁਣ ਦੋਸ਼ ਵਿਚ ਵੀ ਬਦਲ ਜਾਂਦਾ ਹੈ।

ਇਸ ਤਰ੍ਹਾਂ 'ਕਾਵਿਯਾਦਰਸ਼' ਦੇ ਪਹਿਲੇ ਪਰਿਛੇਦ ਵਿਚ 'ਕਾਵਿ ਲੱਛਣ'(Definiation of poetry), ਭਿੰਨ ਭਿੰਨ ਪੱਧਰਾਂ ਤੇ ਉਸਦਾ ਵਰਗੀਕਰਨਅਤੇ ਮਾਰਗ ਗੁਣ ਸਿਧਾਂਤ ਦਾ ਅਧਿਐਨ ਪੇਸ਼ ਕੀਤਾ ਗਿਆ ਹੈ। ਇਸ ਪਰਿਛੇਦ ਦੇ ਅੰਤ ਵਿਚ 'ਕਾਵਿ ਹੇਤੂਆਂ'(Causes of Poetry) ਦਾ ਮੁਖਤਸਰ ਰੂਪ ਵਿਚ ਵਿਵੇਚਨ ਮਿਲਦਾ ਹੈ। ਦੂਸਰੇ ਪਰਿਛੇਦ ਵਿਚ ਕੁਲ ਮਿਲਾਕੇ ਪੈਂਤੀ ਅਲੰਕਾਰਾਂ ਨੂੰ ਪੇਸ਼ ਕੀਤਾ ਗਿਆ ਹੈ, ਇਨ੍ਹਾਂ ਅਲੰਕਾਰਾਂ ਵਿਚੋਂ ਕਈਆਂ ਨੂੰ ਦੰਡੀ ਨੇ ਸੁਤੰਤਰ ਰੂਪ ਵਿਚ ਸਵੀਕ੍ਰਿਤੀ ਪ੍ਰਦਾਨ ਨਹੀਂ ਕੀਤੀ। ਤੀਸਰੇ ਪਰਿਛੇਦ ਵਿਚ ਸ਼ਬਦ ਅਲੰਕਾਰਾਂ ਵਿਚ ਯਮਕ ਤੇ ਸ਼ਬਦ ਚਿਤਰ ਬਾਰੇ ਵਸੀਹ ਵਰਨਣ ਹੈ। ਯਾਦ ਰਹੇ ਕਿ ਅਨੁਪ੍ਰਾਸ ਅਲੰਕਾਰ ਸੰਬੰਧੀ ਦੰਡੀ ਨੇ ਪ੍ਰਥਮ ਪਰਿਛੇਦ ਵਿਚ ਮਾਧੁਰਯ ਗੁਣ ਦੇ ਸੰਦਰਭ ਵਿਚ ਵਰਨਣ ਪੇਸ਼ ਕਰ ਦਿੱਤਾ ਹੈ। ਇਸਤੋਂ ਮਗਰੋਂ ਉਸਨੇ 'ਕਾਵਿ ਦੋਸ਼ਾਂ' (Blemishes of Poetry) ਦਾ ਵਰਨਣ ਕੀਤਾ ਹੈ। ਸਿੱਟੇ ਵਿਚ 'ਕਾਵਿ ਦੇ ਪ੍ਰਯੋਜਨਾਂ' (Purposes of Poetry) ਸੰਬੰਧੀ ਨਿਰੂਪਣ ਕੀਤਾ ਗਿਆ ਹੈ।

## *ਹਵਾਲੇ ਅਤੇ ਟਿੱਪਣੀਆ*


1. *ਪਾਠਕ, ਜਮਨਾ ਦਾਸ, 2012, ਕਾਵਿਯਾਦਰਸ਼, ਚੌਖੰਭਾ ਕ੍ਰਿਸ਼ਣਦਾਸ ਅਕਾਦਮੀ, ਵਾਰਾਣਸੀ, ਪੰਨਾ: 06-10*
2. *ਪ੍ਰੇਮ ਪ੍ਰਕਾਸ਼ ਸਿੰਘ, 2010, ਭਾਰਤੀ ਕਾਵਿ ਸ਼ਾਸਤਰ, ਮਦਾਨ ਪਬਲੀਕੇਸ਼ਨਜ, ਪਟਿਆਲਾ, ਪੰਨਾ: 121-43*
3. *ਭੱਟਾਚਰੀਆ, ਰਾਮ ਨਾਰਾਇਣ, 2012, ਸਾਹਿਤਯ ਦਰਪਣ, ਚੌਖੰਭਾ ਵਿਦਿਆ ਭਵਨ, ਵਾਰਾਣਸੀ, ਪੰਨਾ: 244*
4. *ਲਖਵਿੰਦਰ ਸਿੰਘ, 2022, ਭਾਰਤੀ ਕਾਵਿ ਸ਼ਾਸਤਰ, ਗਰੇਸ਼ੀਅਸ ਬੁੱਕਸ, ਪਟਿਆਲਾ, ਪੰਨੇ: 170-71*
5. *ਉਹੀ, 2024, ਰਸਾਨੁਭਾਵ: (ਰਸ ਸਿਧਾਂਤ ਦਾ ਸ਼ਾਸਤਰੀ ਵਿਸ਼ਲੇਸ਼ਣ), ਉਹੀ, ਪੰਨਾ: 12*
6. *ਸ਼ਾਸਤਰੀ, ਰਾਕੇਸ਼, 2022, ਰਸ ਗੰਗਾਧਰ, ਚੌਖੰਭਾ ਸੰਸਕ੍ਰਿਤ ਪ੍ਰਤਿਸ਼ਠਾਨ, ਵਾਰਾਣਸੀ, ਪੰਨਾ: 45*



### *Cite this Article-*

*ਡਾ. ਲਖਵਿੰਦਰ ਸਿੰਘ (Dr. Lakhwinder Singh), ਆਚਾਰੀਆ ਦੰਡੀ ਕ੍ਰਿਤ ਕਾਵਿਯਾਦਰਸ਼ ਦਾ ਸੰਰਚਨਾਤਮਕ ਅਧਿਐਨ (Acharya Dandi Krit Kavyadarsh Da Sanrachnatmak Adhyayan), ਅਰਮਾਨ (ARMAAN), ISSN: 2583-9446 (O), Volume- 4, Issue- 2, April-June 2026, Page: 34-38*

*Journal URL: www.armaan.org.in*

*DOI: https://doi.org/10.64119/armaan.vol.4.issue2.07*



*This article is an open access article published under the terms and conditions of the Creative Commons Attribution (CC BY-NC 4.0) license. https://creativecommons.org/licenses/by-nc/4.0/*